30th Jan 2000

ਵਿਚਾਰ-ਚਰਚਾ

ਗੁਰਸ਼ਰਨ ਸਿੰਘ

ਗ਼ਰੀਬਾਂ ਦੇ ਗੁੱਸੇ ਤੋਂ ਡਰੋ

ਗਲਤ ਅਤੇ ਹੰਕਾਰੇ ਬੰਦੇ ਨੂੰ ਖ਼ਬਰਦਾਰ ਕਰਨ ਲਈ ਆਮ ਕਿਹਾ ਜਾਂਦਾ ਹੈ 'ਬੰਦਿਆ ਰੱਬ ਦਾ ਖ਼ੌਫ਼ ਕਰ', 'ਬੰਦਿਆ ਰੱਬ ਕੋਲੋਂ ਡਰ'। 26 ਜਨਵਰੀ 2000 ਦੇਸ਼ ਦੇ ਰਾਸ਼ਟਰਪਤੀ ਨੇ ਸਿਆਸਤਦਾਨਾਂ/ਹਾਕਮਾਂ/ਦੌਲਤ ਦੇ ਨਸ਼ੇ ਵਿਚ ਮਖ਼ਮੂਰ ਅਮੀਰ ਜ਼ਾਦਿਆਂ/ਪ੍ਰਬੰਧਕਾਂ ਨੂੰ ਖ਼ਬਰਦਾਰ ਕੀਤਾ ਹੈ 'ਗ਼ਰੀਬਾਂ ਦੇ ਗੁੱਸੇ ਤੋਂ ਡਰੋ। ਉਹਨਾਂ ਦੇ ਸਬਰ ਦਾ ਹੋਰ ਇਮਤਿਹਾਨ ਨਾ ਲਵੋ। ਇਹ ਤੁਹਾਡੇ ਹੋਟਲ, ਇਹ ਫ਼ੈਸ਼ਨ ਸ਼ੋਅ, ਇਹ ਸੰਗਮਰਮਰੀ ਪੱਥਰਾਂ ਦੇ ਬਣੇ ਹੋਏ ਬੰਗਲੇ, ਇਹ ਤੁਹਾਡੇ ਫ਼ਾਰਮ ਹਾਊਸ, ਫ਼ਾਰਮ ਹਾਊਸਾਂ ਵਿਚ ਚਲਦੇ ਸ਼ਰਾਬਖ਼ਾਨੇ, ਇਹ ਤੁਹਾਡੇ ਵਿਗੜੇ ਹੋਏ ਕਾਕੇ, ਜੋ ਆਪਣੀਆਂ ਕਾਰਾਂ ਥੱਲੇ ਗ਼ਰੀਬਾਂ ਨੂੰ ਕੁਚਲਕੇ ਮਾਰ ਦੇਂਦੇ ਹਨ, ਹੁਣ ਬਰਦਾਸ਼ਤ ਨਹੀਂ ਹੋਣਗੇ। ਇਹ ਤੁਹਾਡੀਆਂ ਨਵੀਆਂ ਆਰਥਕ ਨੀਤੀਆਂ, ਇਹ ਵਿਸ਼ਵੀਕਰਨ ਧਰੇ ਦੇ ਧਰੇ ਰਹਿ ਜਾਣਗੇ ਜੇ ਇਹਨਾਂ ਨਾਲ ਗ਼ਰੀਬਾਂ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ।'

ਇਹ ਗੱਲਾਂ ਰਾਸ਼ਟਰਪਤੀ ਨੇ ਕਹੀਆਂ ਹਨ। ਇਸ ਕਰਕੇ ਇਹਨਾਂ ਦੀ ਬਹੁਤ ਮਹੱਤਤਾ ਹੈ। ਚਿਰਾਂ ਤੋਂ ਬਾਅਦ (ਸ਼ਾਇਦ ਡਾ. ਰਾਧਾ ਕ੍ਰਿਸ਼ਨਨ ਦੇ ਬਾਅਦ) ਕਿਸੇ ਰਾਸ਼ਟਰਪਤੀ ਨੇ ਸਪੱਸ਼ਟ ਅਤੇ ਆਮ ਸਮਝ ਦੇ ਫ਼ਲਸਫ਼ੇ ਦੀ ਗੱਲ ਕਹੀ ਹੈ। ਨਹੀਂ ਤਾਂ ਰਾਸ਼ਟਰਪਤੀ ਆਮ ਤੌਰ 'ਤੇ ਸਰਕਾਰ ਵੱਲੋਂ ਲਿਖਕੇ ਦਿੱਤੇ ਬਿਆਨ ਹੀ ਕੌਮ ਦੇ ਨਾਂ 'ਤੇ ਪੜ੍ਹ ਦੇਂਦੇ ਰਹੇ ਹਨ। ਮੰਤਰੀ ਵੀ ਗਣਤੰਤਰ ਦਿਨ 'ਤੇ ਝੰਡਾ ਲਹਿਰਾਉਣ ਵੇਲੇ ਆਪਣੀ ਸਰਕਾਰ ਦੀਆਂ ਸਿਫ਼ਤਾਂ ਕਰਦੇ ਹਨ। ਲੋਕਾਂ ਨੂੰ ਭਾਸ਼ਣ ਦੇਂਦੇ ਹਨ ਕਿ ਉਹ ਆਪਣੇ ਦੇਸ਼ ਭਗਤੀ ਦੇ ਫ਼ਰਜ਼ ਪਛਾਣਨ। ਦੇਸ਼ ਦੀ ਖ਼ਾਤਿਰ ਮਰ ਮਿਟਣ, ਜਿਸ ਤਰ੍ਹਾਂ ਕਾਰਗਿਲ ਦੇ ਸ਼ਹੀਦ ਮਰ ਮਿਟੇ ਹਨ। ਆਪ ਉਹ ਇਸ ਗੱਲ ਦਾ ਖ਼ਿਆਲ ਰੱਖਦੇ ਹਨ ਕਿ ਖ਼ਤਰੇ ਵੇਲੇ ਇਹਨਾਂ ਦੇ ਆਪਣੇ ਪੁੱਤਰ ਬਦੇਸ਼ਾਂ ਵਿਚ ਪੜ੍ਹਾਈ ਕਰਨ ਚਲੇ ਜਾਣ। ਫ਼ਾਰੂਖ ਅਬਦੁੱਲਾ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਪੁੱਤਰਾਂ ਦੀਆਂ ਮਿਸਾਲਾਂ ਸਾਹਮਣੇ ਹਨ। ਭਲਿਓ ਲੋਕੋ, ਜੇ ਤੁਸੀਂ ਆਪ ਕਹਿਣੀ ਤੇ ਕਰਨੀ ਦੇ ਇਕ ਨਹੀਂ ਤਾਂ ਘੱਟੋ-ਘੱਟ ਭਾਸ਼ਣ ਤਾਂ ਨਾ ਦੇਵੋ। ਹੁਣ ਲੋਕਾਂ ਵਿਚ ਇਹ ਚੇਤਨਾ ਤਾਂ ਆ ਗਈ ਹੈ ਕਿ ਉਹ ਘੜੀਆਂ-ਘੜਾਈਆਂ ਗੱਲਾਂ ਨਹੀਂ ਸੁਨਣਾ ਚਾਹੁੰਦੇ, ਉਹ ਬੜੀਆਂ ਗੱਲਾਂ ਦੇ ਜਵਾਬ ਮੰਗਦੇ ਹਨ ਅਤੇ ਉਹ ਇਹ ਜਵਾਬ ਗੁੱਸੇ ਨਾਲ ਮੰਗਦੇ ਹਨ। ਰਾਸ਼ਟਰਪਤੀ ਨੇ 26 ਜਨਵਰੀ ਨੂੰ ਇਸੇ ਗੁੱਸੇ ਦੀ ਗੱਲ ਕੀਤੀ ਹੈ।

ਰਾਸ਼ਟਰਪਤੀ ਨੇ ਅਨਪੜ੍ਹਤਾ ਦੀ ਗੱਲ ਕੀਤੀ ਹੈ। ਦੁਨੀਆ ਵਿਚ ਸਾਰਿਆਂ ਨਾਲੋਂ ਵੱਧ ਗਿਣਤੀ ਵਿਚ ਅਨਪੜ੍ਹ ਲੋਕ ਹਿੰਦੋਸਤਾਨ ਵਿਚ ਹਨ। 100 ਫ਼ੀਸਦੀ ਬੱਚਿਆਂ ਨੂੰ ਪੜ੍ਹਾਇਆ ਕਿਉਂ ਨਹੀਂ ਜਾ ਸਕਦਾ? ਜੇ ਇਰਾਦਾ ਹੋਵੇ ਤਾਂ ਪੜ੍ਹਾਇਆ ਜਾ ਸਕਦਾ ਹੈ। ਪੋਲੀਓ ਬੂੰਦਾਂ ਦੀ ਮਿਸਾਲ ਸਾਡੇ ਸਾਹਮਣੇ ਹੈ। ਸਾਡੀਆਂ ਸਿਹਤ ਸੰਸਥਾਵਾਂ ਨੇ ਇਹਦੇ ਬਾਰੇ ਬੜਾ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਗ਼ਰੀਬ ਬਸਤੀਆਂ ਵਿਚ ਘਰ-ਘਰ ਜਾ ਕੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਆਈਆਂ ਹਨ। ਉਹਨਾਂ ਤੱਕ ਆਪ ਪਹੁੰਚ ਕੀਤੀ ਹੈ। ਇਹ ਨਹੀਂ ਕਿ ਪਰਚਾਰ ਕਰ ਦੇਵੋ ਤੇ ਫੇਰ ਉਡੀਕਦੇ ਰਵੋ ਕਿ ਉਹ ਤੁਹਾਡੇ ਤੱਕ ਆਉਣ। ਇਸੇ ਤਰ੍ਹਾਂ ਜੇਕਰ ਇਰਾਦਾ ਹੋਵੇ ਤਾਂ ਇਹ ਗਰੰਟੀ ਕਿਉਂ ਨਹੀਂ ਕੀਤੀ ਜਾ ਸਕਦੀ ਕਿ ਹਰ ਇਕ ਬੱਚਾ ਸਕੂਲ ਜਾਏਗਾ। ਜਿਹੜੇ ਬੱਚੇ ਸਕੂਲ ਨਹੀਂ ਜਾਂਦੇ, ਉਹਨਾਂ ਦੀ ਸ਼ਨਾਖ਼ਤ ਕਰਨੀ ਕੋਈ ਮੁਸ਼ਕਿਲ ਗੱਲ ਨਹੀਂ। ਗ਼ਰੀਬ ਮਾਪਿਆਂ ਨੂੰ ਝਿੱਜਕ ਜ਼ਰੂਰ ਹੋ ਸਕਦੀ ਹੈ, ਜੇ ਬੱਚੇ ਸਕੂਲ ਜਾਣਗੇ ਤਾਂ ਉਹਨਾਂ ਦੀ ਕਮਾਈ ਦੇ ਸਾਧਨ ਬੰਦ ਹੋ ਜਾਣਗੇ। ਇਹਦੇ ਲਈ ਸੌਖਾ ਰਾਹ ਹੈ ਕਿ ਇਹੋ ਜਿਹੇ ਬੱਚਿਆਂ ਦੇ ਵਜ਼ੀਫ਼ੇ ਲਗਾਏ ਜਾਣ ਜਾਂ ਹੋਰ ਵੀ ਸੌਖਾ ਰਾਹ ਹੈ ਕਿ ਵਾਲੰਟੀਅਰ ਸੰਸਥਾਵਾਂ ਦੀ ਸਹਾਇਤਾ ਲਈ ਜਾਏ। ਕੌਮੀ ਪੱਧਰ 'ਤੇ ਇਸ ਕੰਮ ਲਈ ਫੰਡ ਦੀ ਅਪੀਲ ਕੀਤੀ ਜਾਏ। ਕਰੋੜਾਂ ਦੀ ਰਕਮ ਇਕੱਠੀ ਕੀਤੀ ਜਾ ਸਕਦੀ ਹੈ। ਕਾਰਗਿਲ ਲਈ, ਉੜੀਸਾ ਲਈ ਅਪੀਲ ਤੇ ਅਖ਼ਬਾਰਾਂ ਰਾਹੀਂ ਹੀ ਜੋ ਫੰਡ ਕੀਤਾ ਗਿਆ ਹੈ, ਉਹ ਕਰੋੜਾਂ ਰੁਪਏ ਹੋਏ ਹਨ। ਅਨਪੜ੍ਹਤਾ ਦਾ ਸੰਕਟ ਵੀ ਉਸੇ ਤਰ੍ਹਾਂ ਦਾ ਸੰਕਟ ਹੈ। ਅਨਪੜ੍ਹਤਾ ਦੂਰ ਹੋਵੇਗੀ, ਆਬਾਦੀ ਨੂੰ ਕੰਟਰੋਲ ਕਰਨ ਵਿਚ ਮਦਦ ਮਿਲੇਗੀ। ਰਾਸ਼ਟਰਪਤੀ ਦੀ ਅਨਪੜ੍ਹਤਾ ਬਾਰੇ ਕਹੀ ਗੱਲ ਹਾਕਮਾਂ ਲਈ ਚੁਣੌਤੀ ਹੈ। ਅਨਪੜ੍ਹਾਂ ਲਈ ਕੋਈ ਨਾ ਕੋਈ ਰਾਹ ਲੱਭਣਾ ਹੀ ਲੱਭਣਾ ਹੈ। ਉਂਝ ਸਾਡੀ ਪ੍ਰਬੰਧਕ ਬਾਰੇ ਇਹ ਆਮ ਪ੍ਰਭਾਵ ਹੈ ਕਿ ਉਹਨਾਂ ਨੂੰ ਗ਼ਰੀਬਾਂ ਦੀ ਕੋਈ ਪਰਵਾਹ ਨਹੀਂ। ਇਕੋ ਬਹਾਨਾ ਹੈ ਕਿ ਗ਼ਰੀਬ ਬੱਚੇ ਬੜੇ ਪੈਦਾ ਕਰਦੇ ਹਨ। ਕੀ ਤੁਸੀਂ ਨਹੀਂ ਕਰਦੇ? ਫ਼ਰਕ ਇਹੀ ਕਿ ਤੁਸੀਂ ਬਰਥ ਕੰਟਰੋਲ ਦੇ ਸਾਧਨ ਜਾਣਦੇ ਹੋ। ਗ਼ਰੀਬਾਂ ਤੱਕ ਉਹ ਗਿਆਨ ਨਹੀਂ ਪੁੱਜਿਆ। ਕੀ ਗਿਆਨ ਜਾਂ ਚੇਤਨਾ ਦੇਣੀ ਪ੍ਰਬੰਧਕੀ ਢਾਂਚੇ ਦਾ ਫਰਜ਼ ਨਹੀਂ। ਅਨਪੜ੍ਹਤਾ ਦੀ ਗੱਲ ਇੱਥੇ ਵੀ ਆਉਂਦੀ ਹੈ।

ਰਾਸ਼ਟਰਪਤੀ ਨੇ ਅਮੀਰ ਤੇ ਗ਼ਰੀਬ ਦੇ ਪਾੜੇ ਦੀ ਗੱਲ ਵੀ ਸਪੱਸ਼ਟ ਕਹੀ ਹੈ। ਇਹ ਪਾੜਾ ਅੰਤਾਂ ਦਾ ਹੈ। ਚੰਡੀਗੜ੍ਹ ਵਿਚ ਤਾਂ ਬਹੁਤ ਹੀ ਸਪੱਸ਼ਟ ਹੈ। ਇੱਥੇ ਸਾਰੀਆਂ ਆਧੁਨਿਕ ਸਹੂਲਤਾਂ ਲੈ ਕੇ ਰਹਿੰਦੇ ਲੋਕ ਵੀ ਹਨ ਤੇ ਪਾਲੇ ਵਿਚ ਠਰਦੇ ਹੋਏ ਉਹ ਲੋਕ ਵੀ ਹਨ, ਜਿਹਨਾਂ ਦੇ ਸਿਰ 'ਤੇ ਛੱਤ ਨਹੀਂ। ਇਕ ਸਰਵੇ ਅਨੁਸਾਰ ਦੇਸ਼ ਵਿਚ ਹਰ 8ਵਾਂ ਬੰਦਾ ਸਿਰ ਦੀ ਛੱਤ ਤੋਂ ਬਗ਼ੈਰ ਹੈ। ਸਮਾਜਿਕ ਬਰਾਬਰੀ ਹੁਣ ਐਸਾ ਨਾਅਰਾ ਹੈ, ਜੋ ਕੁੱਲ ਮਨੁੱਖਤਾ ਦਾ ਹੈ। ਹਰ ਇਕ ਦੇਸ਼ ਵਿਚੋਂ ਉਠ ਰਿਹਾ ਹੈ। ਅੱਜ ਹਰ ਇਕ ਸਿਸਟਮ ਦੀ ਪਰਖ ਕਰਨ ਲਈ ਇਕੋ ਕਸੌਟੀ ਹੈ ਕਿ ਉਸ ਸਿਸਟਮ ਵਿਚ ਸਮਾਜਕ ਬਰਾਬਰੀ ਕਿੰਨੀ ਹੈ। ਹਿੰਦੋਸਤਾਨ ਲਈ ਵੀ ਇਹੀ ਕਸੌਟੀ ਹੈ। ਹਿੰਦੋਸਤਾਨ ਇਸ ਲਿਹਾਜ਼ ਨਾਲ ਹਾਲੀ ਬਹੁਤ ਪਿੱਛੇ ਹੈ। ਸਗੋਂ ਬਹੁਤ ਪਿੱਛੇ ਹੈ।

ਪ੍ਰੈਸ ਨੇ ਰਾਸ਼ਟਰਪਤੀ ਦੇ ਕੌਮ ਦੇ ਨਾਂ ਸੰਦੇਸ਼ ਨੂੰ ਬੜੀ ਅਹਿਮ ਥਾਂ ਦਿੱਤੀ ਹੈ। ਅਗਲੇ ਦਿਨ ਇਸ ਬਿਆਨ ਨੂੰ ਵੀ ਬੜੀ ਅਹਿਮ ਥਾਂ ਦਿੱਤੀ ਹੈ ਕਿ ਵਿਧਾਨ ਨੇ ਸਾਨੂੰ ਦਗ਼ਾ ਨਹੀਂ ਦਿੱਤਾ ਸਗੋਂ ਅਸੀਂ ਵਿਧਾਨ ਨੂੰ ਦਗ਼ਾ ਦਿੱਤਾ ਹੈ। ਔਰਤਾਂ ਨੂੰ ਵਿਧਾਨ ਬਰਾਬਰ ਦਾ ਹੱਕ ਦੇਂਦਾ ਹੈ ਪਰ ਔਰਤਾਂ 'ਤੇ ਦਮਨ ਜਾਰੀ ਹੈ। ਰਾਸ਼ਟਰਪਤੀ ਦੀਆਂ ਕਹੀਆਂ ਗੱਲਾਂ ਦਾ ਚਰਚਾ ਆਮ ਲੋਕਾਂ ਵਿਚ ਤਾਂ ਬੜੇ ਚਿਰਾਂ ਤੋਂ ਹੈ ਪਰ ਉਹਨਾਂ ਦੀ ਕਹੀ ਗੱਲ ' ਗ਼ਰੀਬਾਂ ਦੇ ਗੁੱਸੇ ਤੋਂ ਡਰੋ' ਵਾਰ-ਵਾਰ ਦੁਹਰਾਨ ਵਾਲੀ ਟੂਕ ਦਾ ਦਰਜਾ ਰੱਖਦੀ ਹੈ। ਹਾਕਮਾਂ ਦੇ ਕੰਨਾਂ ਵਿਚ ਹਰ ਵੇਲੇ ਇਹ ਬੋਲ ਪੈਂਦੇ ਰਹਿਣੇ ਚਾਹੀਦੇ ਹਨ 'ਗ਼ਰੀਬਾਂ ਦੇ ਗੁੱਸੇ ਤੋਂ ਡਰੋ, ਗੁੱਸੇ ਤੋਂ ਡਰੋ, ਗੁੱਸੇ ਤੋਂ ਡਰੋ...'

ਆਉਣ ਵਾਲੇ ਸੰਘਰਸ਼ਾਂ ਲਈ ਇਹ ਬੋਲ ਬੜੀ ਮਹੱਤਤਾ ਰੱਖਦੇ ਹਨ।

ਪਹਿਲੇ ਸ਼ਹੀਦੀ ਜਥੇ ਉੱਤੇ ਗੋਲੀ ਚਲ ਚੁੱਕੀ ਸੀ ਅਤੇ ਦੂਜਾ ਸ਼ਹੀਦੀ ਜਥਾ ਤਿਆਰ ਹੋ ਚੁੱਕਾ ਸੀ, ਜਦੋਂ ਮਿਸਟਰ ਗਾਂਧੀ ਅਤੇ ਲਾਜਪਤ ਰਾਏ ਨੇ ਅੱਡ-ਅੱਡ ਸੁਨੇਹੇ ਭੇਜੇ ਹਨ ਜਿਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਨੂੰ ਪ੍ਰਾਰਥਨਾ ਕੀਤੀ ਗਈ ਸੀ ਕਿ ਉਹ ਜੈਤੋ ਵਿਚ ਹੋਰ ਜਥੇ ਭੇਜਣੇ ਓਨਾ ਚਿਰ ਬੰਦ ਕਰ ਦੇਵੇ ਜਿੰਨਾ ਚਿਰ ਕਿ ਕੌਮੀ ਆਗੂ ਵਕਤ ਕੱਢ ਕੇ ਇਸ 'ਤੇ ਵਿਚਾਰ ਨਹੀਂ ਕਰ ਲੈਂਦੇ ਅਤੇ ਅਕਾਲੀਆਂ ਨੂੰ ਸਲਾਹ-ਮਸ਼ਵਰਾ ਦੇਣ ਦਾ ਫ਼ੈਸਲਾ ਨਹੀਂ ਕਰ ਲੈਂਦੇ।

ਮਹਾਤਮਾ ਗਾਂਧੀ ਜੀ ਦਾ ਖ਼ਿਆਲ ਇਹ ਸੀ ਕਿ ਜਥਾ ਤੁਰਨ ਤੋਂ ਪਹਿਲੋਂ ਜੇ ਉਹ ਅਕਾਲੀ ਮਿੱਤਰਾਂ ਨੂੰ ਮਿਲ ਸਕਦੇ ਤਾਂ ਉਹ ਸਭ ਕੁਝ ਸੁਣਨ ਪਿੱਛੋਂ ਵੀ ਏਹੋ ਸਲਾਹ ਦੇਂਦੇ ਕਿ ਸਾਰੀ ਸਥਿਤੀ ਦਾ ਲੇਖਾ-ਜੋਖਾ ਤੇ ਪੜਤਾਲ ਕਰਨ ਤੋਂ ਪਹਿਲੋਂ ਜਥਾ ਨਹੀਂ ਸੀ ਭੇਜਣਾ ਚਾਹੀਦਾ। ਉਹਨਾਂ ਨੇ ਇਹ ਵੀ ਲਿਖਿਆ ਕਿ "ਭਾਵੇਂ ਜਥਾ ਇਸ ਵੇਲੇ ਆਪਣੀ ਮੰਜ਼ਿਲ ਦੇ ਨੇੜੇ ਪਹੁੰਚ ਰਿਹਾ ਹੈ ਮੈਂ ਅਜੇ ਵੀ ਇਸ ਦੇ ਵਾਪਸ ਬੁਲਾਉਣ ਦਾ ਮਸ਼ਵਰਾ ਦੇਂਦਾ ਹਾਂ ਤਾਂ ਜੋ ਸਾਰੀ ਹਾਲਤ ਉੱਤੇ ਮੁੜ ਤੋਂ ਵਿਚਾਰ ਕੀਤੀ ਜਾਵੇ। ਇਕ ਚਿੱਠੀ ਮਹਾਤਮਾ ਗਾਂਧੀ ਜੀ ਨੇ ਸ਼੍ਰੋਮਣੀ ਕਮੇਟੀ ਨੂੰ ਉਸੇ ਤਰੀਕ ਹੋਰ ਲਿਖੀ, ਜਿਸ ਵਿਚ ਆਪਣੀ ਤਸੱਲੀ ਲਈ ਮਹਾਤਮਾ ਜੀ ਨੇ ਪੁੱਛਿਆ :-

1. ਅਕਾਲੀਆਂ ਦੀ ਸ਼ਕਤੀ ਕਿੰਨੀ ਕੁ ਹੈ।

2. (ੳ) ਕੀ ਅਖੰਡ ਪਾਠ ਦੀ ਪੂਰਤੀ ਵਿਚ ਕੋਈ ਰਾਜਸੀ ਮਕਸਦ ਤਾਂ ਨਹੀਂ? ਅਤੇ ਅਖੰਡ ਪਾਠ ਰਾਹੀਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਮਹਾਰਾਜਾ ਨਾਭਾ ਦੀ ਬਹਾਲੀ ਦੀ ਕੋਈ ਐਜੀਟੇਸ਼ਨ ਤਾਂ ਨਹੀਂ ਕੀਤੀ ਜਾਵੇਗੀ?

(ਅ) ਹਰ ਇਕ ਗੁਰਦੁਆਰੇ ਦਾ ਝਗੜੇ ਵਾਲਾ ਕੇਸ ਸਾਲਸੀ ਦੇ ਹਵਾਲੇ ਕੀਤਾ ਜਾਵੇਗਾ ਅਤੇ ਇਹ ਮਾਮਲਾ ਵੀ ਸਾਲਸਾਂ ਪਾਸ ਜਾਏਗਾ ਕਿ ਕੋਈ ਇਤਿਹਾਸਕ ਗੁਰਦੁਆਰਾ ਇਤਿਹਾਸਕ ਹੈ ਵੀ ਜਾਂ ਨਹੀਂ। ਵਗੈਰਾ।

ਮਹਾਤਮਾ ਗਾਂਧੀ ਨੇ ਇਹ ਵੀ ਲਿਖਿਆ ਕੀ ਗੁਰਦੁਆਰਾ ਤਹਿਰੀਕ ਵਿਚ ਉਹਨਾਂ ਦੇ ਤਰੀਕੇ ਬਿਲਕੁਲ ਅਹਿੰਸਕ ਹਨ? ਯਾਨੀ ਅਕਾਲੀ ਵਿਚਾਰ, ਸ਼ਬਦ ਅਤੇ ਅਮਲ ਵਿਚ ਆਦਮੀਆਂ ਨਾਲ ਅਹਿੰਸਕ ਰਹਿਣਗੇ—ਭਾਵੇਂ ਉਹ ਅੰਗਰੇਜ਼ ਹੋਣ ਜਾਂ ਅਕਾਲੀ ਤਹਿਰੀਕ ਦੇ ਨਿਸ਼ਾਨਿਆਂ ਦੇ ਵਿਰੋਧੀ ਹੋਣ ਵਗੈਰਾ-ਵਗੈਰਾ।

ਇਸ ਤੋਂ ਪਹਿਲੋਂ ਕਿ ਇਹਨਾਂ ਪੁੱਛਾਂ ਤੇ ਅਹਿੰਸਾ ਦੇ ਸਿਧਾਂਤ ਬਾਰੇ ਵਿਚਾਰ ਕਰੀਏ, ਦੋ ਗੱਲਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਇਕ ਇਹ ਕਿ ਮਹਾਤਮਾ ਗਾਂਧੀ ਨੇ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਇਕ ਲੇਖ ਵਿਚ 'ਗੁਮਰਾਹ ਹੋਇਆ ਦੇਸ਼ ਭਗਤ' ਕਿਹਾ ਸੀ ਜਿਸ ਦੇ ਕਾਰਨ ਕੱਟੜਵਾਦੀ ਸਿੱਖਾਂ ਦੇ ਦਿਲਾਂ ਵ੍ਰਿਚ ਮਹਾਤਮਾ ਜੀ ਲਈ ਬੜਾ ਤਅੱਸਬ ਪੈਦਾ ਹੋ ਜਾਣਾ ਕੁਦਰਤੀ ਸੀ। ਮਹਾਤਮਾ ਜੀ ਨੇ ਇਹ ਸ਼ਬਦ ਗੁਰੂ ਜੀ ਵੱਲੋਂ ਤਲਵਾਰ ਦੀ ਕੁਝ ਹਾਲਤਾਂ ਵਿਚ, ਵਰਤੋਂ ਨੂੰ ਜਾਇਜ਼ ਠਹਿਰਾਉਣ ਦੇ ਖ਼ਿਲਾਫ਼ ਕਹੇ ਸਨ।

ਦੂਜੇ ਇਹ ਕਿ ਸਿੱਖ ਗੁਰੂਆਂ ਨੇ ਹਾਲਤ ਦੇ ਮੁਤਾਬਕ ਦੋਵੇਂ ਹਥਿਆਰ ਵਰਤੇ ਸਨ—ਕੁਰਬਾਨੀ ਵਾਲਾ ਅਹਿੰਸਕ ਰਾਹ ਵੀ ਤੇ ਦੁਸ਼ਮਣਾਂ ਨਾਲ ਤਲਵਾਰ ਨਾਲ ਨਿਪਟਣ ਦਾ ਰਾਹ ਵੀ। ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਨੂੰ ਵਰਤਣਾ ਉਸ ਹਾਲਤ ਵਿਚ ਜਾਇਜ਼ ਕਰਾਰ ਦਿੱਤਾ ਸੀ ਜਿਸ ਵਿਚ ਹੋਰ ਹੀਲਿਆਂ ਵਸੀਲਿਆਂ ਤੋਂ ਗੱਲ ਅੱਗੇ ਲੰਘ ਗਈ ਹੋਵੇ। ਇਸ ਲਈ ਅਕਾਲੀ ਆਗੂ ਭਾਵੇਂ ਹਾਲਤ ਦੀ ਨਬਜ਼ ਵੇਖ ਕੇ, ਮਹਾਤਮਾ ਦੇ ਅਹਿੰਸਾ ਦੇ ਅਸੂਲ ਜਾਂ ਸਿਧਾਂਤ ਉੱਤੇ ਅਮਲ ਕਰ ਰਹੇ ਸਨ—ਅਤੇ ਕਰ ਰਹੇ ਸਨ ਅਕਾਲ ਤਖ਼ਤ ਦੇ ਸਾਮ੍ਹਣੇ,